# ਕਾਯਾ, ਵਾਂਜੂ
# ਹੈਲੋ, ਤੁਹਾਡਾ ਸੁਆਗਤ ਹੈ

CITY OF Armadale




# ਕੂੜਾ-ਕਰਕਟ ਅਤੇ ਰੀਸਾਈਕਲਿੰਗ ਗਾਈਡ | 2026

ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ- ਵੇਖਣ ਲਈ armadale.wa.gov.au/waste-and-recycling 'ਤੇ ਜਾਓ

# ਕੂੜਾ ਚੁੱਕੇ ਜਾਣ ਲਈ ਆਪਣੇ ਕੂੜੇਦਾਨਾਂ ਨੂੰ ਬਾਹਰ ਰੱਖਣਾ



ਕੂੜੇਦਾਨਾਂ ਨੂੰ ਆਪਣਾ ਕੂੜਾ ਚੁੱਕੇ ਜਾਣ ਵਾਲੇ ਦਿਨ ਸਵੇਰੇ 6 ਵਜੇ ਤੱਕ ਬਾਹਰ ਰੱਖੋ




ਹਰੇਕ ਕੂੜੇਦਾਨ ਦਾ ਵੱਧ ਤੋਂ ਵੱਧ ਭਾਰ 70 ਕਿਲੋਗ੍ਰਾਮ ਹੈ



ਕੂੜੇਦਾਨਾਂ ਦੇ ਸਾਹਮਣੇ ਗੱਡੀ ਪਾਰਕ ਨਾ ਕਰੋ ਅਤੇ ਲੇਨਵੇਅ ਖ਼ਾਲੀ ਰੱਖੋ



ਯਕੀਨੀ ਬਣਾਓ ਕਿ ਤੁਹਾਡੇ ਕੂੜੇਦਾਨ ਦਾ ਢੱਕਣ ਬੰਦ ਹੈ

ਰੁੱਖਾਂ ਤੋਂ ਘੱਟੋ-ਘੱਟ **1 ਮੀਟਰ ਦੀ ਦੂਰੀ** 'ਤੇ ਰੱਖੋ ਅਤੇ ਰੁੱਖਾਂ ਦੀਆਂ ਟਾਹਣੀਆਂ ਹੇਠ ਨਾ ਰੱਖੋ

ਰੀਸਾਈਕਲ ਕਰਨ ਯੋਗ ਸਮੱਗਰੀ

ਕੂੜੇਦਾਨਾਂ ਵਿਚਕਾਰ ਘੱਟੋ-ਘੱਟ **0.5 ਮੀਟਰ ਦੀ ਦੂਰੀ** ਰੱਖੋ

ਆਮ ਕੂੜਾ-ਕਰਕਟ

ਕਾਰਾਂ, ਡਾਕ ਵਾਲੇ ਡੱਬਿਆਂ ਅਤੇ ਵਾੜਾਂ ਆਦਿ ਤੋਂ ਘੱਟੋ-ਘੱਟ **1 ਮੀਟਰ ਦੂਰ** ਰੱਖੋ।

## ਕੂੜੇਦਾਨ ਟੁੱਟ, ਗੁਆਚ ਜਾਂ ਚੋਰੀ ਹੋ ਗਿਆ ਹੈ?

ਸਿਟੀ ਦੀ ਵੇਸਟ ਸਰਵਿਸਿਜ਼ ਟੀਮ (City's Waste Services Team) ਨਾਲ **9394 5124** 'ਤੇ ਸੰਪਰਕ ਕਰੋ।

ਨਵੇਂ ਕੂੜੇਦਾਨਾਂ 'ਤੇ ਇੱਕ QR ਕੋਡ ਹੋਵੇਗਾ, ਜੋ ਸਾਡੀ ਕੂੜਾ-ਕਰਕਟ ਅਤੇ ਰੀਸਾਈਕਲਿੰਗ ਸੰਬੰਧੀ ਜਾਣਕਾਰੀ ਨਾਲ ਜੁੜਿਆ ਹੋਵੇਗਾ

# 2026 ਰੀਸਾਈਕਲਿੰਗ ਕੈਲੰਡਰ

### ਜਨਵਰੀ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### ਫਰਵਰੀ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | |

### ਮਾਰਚ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### ਅਪ੍ਰੈਲ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### ਮਈ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### ਜੂਨ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

### ਜੁਲਾਈ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

### ਅਗਸਤ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### ਸਤੰਬਰ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

### ਅਕਤੂਬਰ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### ਨਵੰਬਰ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

### ਦਸੰਬਰ

| ਸੋ | ਮੰ | ਬੁੱ | ਵੀ | ਸ਼ੁੱ | ਸ਼ | ਐ |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

ਰੀਸਾਈਕਲਿੰਗ ਖੇਤਰ 1
ਰੀਸਾਈਕਲਿੰਗ ਖੇਤਰ 2
ਰੋਲੀਸਟੋਨ ਗ੍ਰੀਨ ਵੇਸਟ ਫੈਸਲਿਟੀ ਸ਼ਨੀ-ਐਤਵਾਰ
ਕੂੜਾ ਚੁੱਕਿਆ ਨਹੀਂ ਜਾਵੇਗਾ
25 ਸਰਕਾਰੀ ਛੁੱਟੀ

**ਕਿਰਪਾ ਕਰਕੇ ਮੁੱਖ ਸਰਕਾਰੀ ਛੁੱਟੀਆਂ ਵਾਲੇ ਦਿਨਾਂ ਦੇ ਕਾਰਨ ਕੂੜਾ ਚੁੱਕਣ ਦੇ ਦਿਨਾਂ ਵਿੱਚ ਹੇਠਾਂ ਦਿੱਤੀਆਂ ਤਬਦੀਲੀਆਂ ਵੱਲ ਧਿਆਨ ਦਿਓ:**

*ਵੀਰਵਾਰ, 1 ਜਨਵਰੀ (ਨਵੇਂ ਸਾਲ ਵਾਲੇ ਦਿਨ) ਨੂੰ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ, ਕੂੜਾ ਸ਼ੁੱਕਰਵਾਰ, 2 ਜਨਵਰੀ ਨੂੰ ਚੁੱਕਿਆ ਜਾਣਾ ਤੈਅ ਕੀਤਾ ਗਿਆ ਹੈ।*
*ਇਸ ਤੋਂ ਬਾਅਦ, ਸ਼ੁੱਕਰਵਾਰ ਨੂੰ ਚੁੱਕਿਆ ਜਾਣ ਵਾਲਾ ਕੂੜਾ ਸ਼ਨੀਵਾਰ ਨੂੰ ਚੁੱਕਿਆ ਜਾਵੇਗਾ।*

*ਸ਼ੁੱਕਰਵਾਰ, 3 ਅਪ੍ਰੈਲ (ਗੁੱਡ ਫਰਾਈਡੇ) ਨੂੰ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ, ਕੂੜਾ ਸ਼ਨੀਵਾਰ, 4 ਅਪ੍ਰੈਲ ਨੂੰ ਚੁੱਕਿਆ ਜਾਣਾ ਤੈਅ ਕੀਤਾ ਗਿਆ ਹੈ।*

*ਸ਼ੁੱਕਰਵਾਰ, 25 ਦਸੰਬਰ (ਕ੍ਰਿਸਮਸ ਦਿਵਸ) ਨੂੰ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ, ਕੂੜਾ ਸ਼ਨੀਵਾਰ 26 ਦਸੰਬਰ ਨੂੰ ਚੁੱਕਿਆ ਜਾਣਾ ਤੈਅ ਕੀਤਾ ਗਿਆ ਹੈ।*

**ਆਪਣਾ ਕੂੜੇਦਾਨ ਚੁੱਕੇ ਜਾਣ ਦਾ ਦਿਨ, ਰੀਸਾਈਕਲਿੰਗ ਹਫ਼ਤਾ, ਅਤੇ ਸੜਕ ਕਿਨਾਰਿਓਂ ਕੂੜੇਦਾਨ ਚੁੱਕੇ ਜਾਣ ਦਾ ਜ਼ੋਨ www.armadale.wa.gov.au/my-waste-collection-day 'ਤੇ ਜਾ ਕੇ ਲੱਭੋ**

**ਆਪਣਾ ਜ਼ੋਨ ਲੱਭੋ**

# ਆਮ ਕੂੜੇ ਵਾਲੇ ਕੂੜੇਦਾਨ ਨੂੰ ਚੁੱਕਣ ਤੋਂ ਬਾਅਦ ਮੇਰੇ ਕੂੜੇ ਦਾ ਕੀ ਹੁੰਦਾ ਹੈ?


ਵਸਨੀਕਾਂ ਦਾ ਬਚਿਆ ਕੂੜਾ-ਕਰਕਟ ਹੁਣ Kwinana Energy Recovery (ਕਵਿਨਾਨਾ ਐਨਰਜੀ ਰਿਕਵਰੀ) ਪਲਾਂਟ ਨੂੰ ਭੇਜਿਆ ਜਾਂਦਾ ਹੈ, ਜੋ ਆਸਟ੍ਰੇਲੀਆ ਦਾ ਆਪਣੀ ਕਿਸਮ ਦਾ ਪਹਿਲਾ ਪਲਾਂਟ ਹੈ। ਲੈਂਡਫਿਲ ਵਿੱਚ ਭੇਜੇ ਜਾਣ ਦੀ ਬਜਾਏ, ਇਸ ਕੂੜੇ ਦੀ ਵਰਤੋਂ ਇਲਾਕੇ ਵਿਚਲੇ 55,000 ਘਰਾਂ ਲਈ ਲੋੜੀਂਦੀ ਬਿਜਲੀ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਲੈਂਡਫਿਲ ਨੂੰ ਘਟਾਉਣਾ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਂਦਾ ਹੈ, ਅਤੇ ਪ੍ਰਕਿਰਿਆ ਤੋਂ ਪੈਦਾ ਹੋਏ ਉਪ-ਉਤਪਾਦਾਂ ਦੀ ਵਰਤੋਂ ਸੜਕ ਦੇ ਸਬ-ਬੇਸ ਅਤੇ ਬਿਲਡਿੰਗ ਬਲਾਕਾਂ ਵਰਗੀਆਂ ਸਮੱਗਰੀਆਂ ਵਿੱਚ ਕੀਤੀ ਜਾਂਦੀ ਹੈ।

**ਵਧੇਰੇ ਜਾਣੋ**

## ਆਮ ਕੂੜੇ ਵਾਲਾ ਕੂੜੇਦਾਨ

**ਹਫ਼ਤਾਵਾਰੀ ਚੁੱਕਿਆ ਜਾਂਦਾ ਹੈ**



### ਮਹੱਤਵਪੂਰਨ ਜਾਣਕਾਰੀ

ਇਹ ਖ਼ਤਰਨਾਕ ਵਸਤੂਆਂ ਕਿਸੇ ਵੀ ਕੂੜੇਦਾਨ ਵਿੱਚ **ਨਹੀਂ** ਜਾਂਦੀਆਂ ਹਨ।

- ਖ਼ਤਰਨਾਕ ਕੂੜਾ
- ਬੈਟਰੀਆਂ (ਸੈੱਲ)
- ਈ-ਕੂੜਾ
- ਬਿਜਲੀ ਨਾਲ ਜਗਣ ਵਾਲੇ ਬੱਲਬ
- ਪੇਂਟ (ਰੰਗ)
- ਤੇਲ

ਕਿਰਪਾ ਕਰਕੇ ਇਨ੍ਹਾਂ ਚੀਜ਼ਾਂ **ਨੂੰ ਆਰਮਾਡੇਲ ਲੈਂਡਫਿਲ ਅਤੇ ਰੀਸਾਈਕਲਿੰਗ ਸਹੂਲਤ** (Armadale Landfill and Recycling Facility) ਵਿੱਚ ਲੈ ਜਾਓ।

# ਰੀਸਾਈਕਲਿੰਗ ਕੂੜੇਦਾਨ

**ਹਰ ਪੰਦਰਾਂ ਦਿਨਾਂ ਬਾਅਦ ਚੁੱਕਿਆ ਜਾਵੇਗਾ**

## ਰੀਸਾਈਕਲਿੰਗ ਕਰਨਾ ਆਸਾਨ ਹੈ: ਇਹ ਕੇਵਲ ਇਹ 5 ਚੀਜ਼ਾਂ ਹਨ...




- ਕੈਨ (ਟੀਨ ਦੇ ਡੱਬੇ)
- ਕਾਗਜ਼
- ਪਲਾਸਟਿਕ ਦੀਆਂ ਬੋਤਲਾਂ ਅਤੇ ਡੱਬੇ
- ਗੱਤੇ
- ਕੱਚ ਦੇ ਜਾਰ ਅਤੇ ਬੋਤਲਾਂ




*** ਯਾਦ ਰੱਖੋ**

ਗੱਤੇ ਦੇ ਡੱਬਿਆਂ ਨੂੰ ਚਪਟਾ ਕਰੋ।

ਡੱਬੇ ਧੋਤੇ, ਖ਼ਾਲੀ, ਖੁੱਲ੍ਹੇ ਅਤੇ ਢੱਕਣ ਲਾਹੇ ਹੋਏ ਹੋਣ।

### ਇਹ ਚੀਜ਼ਾਂ ਰੀਸਾਈਕਲਿੰਗ ਕੂੜੇਦਾਨ ਲਈ ਨਹੀਂ ਹਨ

- ਖ਼ਤਰਨਾਕ ਕੂੜਾ-ਕਰਕਟ
- ਕੱਪੜੇ ਜਾਂ ਟੈਕਸਟਾਈਲ
- ਲਿਫ਼ਾਫ਼ੇ ਵਿੱਚ ਪਾਈਆਂ ਰੀਸਾਈਕਲ ਕਰਨ ਯੋਗ ਚੀਜ਼ਾਂ
- ਭੋਜਨ ਜਾਂ ਬਗੀਚੇ ਦੀ ਰਹਿੰਦ-ਖੂਹੰਦ
- ਨੈਪੀਆਂ
- ਨਰਮ ਪਲਾਸਟਿਕ

**ਆਪਣੇ ਕੂੜੇਦਾਨਾਂ ਦੀ ਸਹੀ ਵਰਤੋਂ ਕਰਨਾ**

# ਰੋਲੀਸਟੋਨ ਗ੍ਰੀਨ ਵੇਸਟ ਸਹੂਲਤ

ਰੋਲੀਸਟੋਨ ਗ੍ਰੀਨ ਵੇਸਟ ਸਹੂਲਤ ਨਿਰਧਾਰਤ ਦਿਨਾਂ ’ਤੇ ਸਵੇਰੇ 8 ਵਜੇ ਤੋਂ ਸ਼ਾਮ 4.45 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ (ਆਖ਼ਰੀ ਦਾਖਲਾ ਸ਼ਾਮ 4:30 ਵਜੇ ਕੀਤਾ ਜਾ ਸਕਦਾ ਹੈ)। ਸਾਰੇ ਨਿਵਾਸੀ ਰੋਲੀਸਟੋਨ ਗ੍ਰੀਨ ਵੇਸਟ ਫੈਸਿਲਿਟੀ, ਜੋ ਸਪ੍ਰਿੰਗਡੇਲ ਰੋਡ, ਰੋਲੀਸਟੋਨ ਵਿਖੇ ਸਥਿਤ ਹੈ, ਵਿੱਚ ਹਰੇ ਕੂੜੇ-ਕਰਕਟ ਦਾ ਨਿਪਟਾਰਾ ਕਰਨ ਦੇ ਯੋਗ ਹਨ।


**ਨੋਟ:** ਸਿਰਫ਼ ਰਿਹਾਇਸ਼ੀ ਮਾਤਰਾਵਾਂ ਵਿੱਚ। ਫ਼ੀਸਾਂ ਅਤੇ ਖ਼ਰਚੇ ਲਾਗੂ ਹੁੰਦੇ ਹਨ। ਸਿਟੀ ਆਫ਼ ਆਰਮਾਡੇਲ ਦੇ ਵਸਨੀਕ ਹੋਣ ਦਾ ਸਬੂਤ ਲੋੜੀਂਦਾ ਹੈ। ਪੌਲੀਫੈਗਸ ਸ਼ਾਟ-ਹੋਲ ਬੋਰਰ (PSHB) ਦੇ ਖ਼ਤਰੇ ਕਾਰਨ ਰੋਲੀਸਟੋਨ ਗ੍ਰੀਨ ਵੇਸਟ ਫੈਸਿਲਿਟੀ (Royalstone Green Waste Facility) **ਤੋਂ ਮਲਚ ਉਪਲਬਧ ਨਹੀਂ ਹੈ**।

**ਖੁੱਲ੍ਹਣ ਦੇ ਦਿਨਾਂ ਅਤੇ ਹੋਰ ਜਾਣਕਾਰੀ ਲਈ, ਇਸ QR ਕੋਡ ਨੂੰ ਸਕੈਨ ਕਰੋ**

Department of
Primary Industries and
Regional Development
GOVERNMENT OF
WESTERN AUSTRALIA

## ਜੈਵ-ਸੁਰੱਖਿਆ ਚੇਤਾਵਨੀ: ਪੌਲੀਫੈਗਸ ਸ਼ਾਟ-ਹੋਲ ਬੋਰਰ

*(ਯੂਵਾਲੇਸੀਆ ਫੋਰਨਿਕਟਸ)*




### ਸ਼ੱਕੀ PSHB ਨੁਕਸਾਨ ਦੀ ਰਿਪੋਰਟ ਕਰੋ

- PSHB ਦੇ ਲੱਛਣਾਂ ਲਈ ਆਪਣੇ ਦਰੱਖ਼ਤਾਂ ਦੀ ਜਾਂਚ ਕਰੋ, ਇਹ ਕੀੜਾ ਦਰੱਖ਼ਤ ਵਿੱਚ ਸੁਰੰਗਾਂ ਬਣਾਉਂਦਾ ਹੈ ਅਤੇ ਉਨ੍ਹਾਂ ਸੁਰੰਗਾਂ ਵਿੱਚ ਫੰਗਸ (ਉੱਲੀ) ਛੱਡਦਾ ਹੈ, ਜਿਸਨੂੰ ਇਹ ਆਪਣੇ ਭੋਜਨ ਵਜੋਂ ਉਗਾਉਂਦਾ ਹੈ
- ਕਿਸੇ ਵੀ ਸ਼ੱਕੀ ਚੀਜ਼ ਦੀ ਫ਼ੋਟੋ ਲਵੋ
- ਫ਼ੋਟੋ ਵਿੱਚ ਮਾਪ ਦੱਸਣ ਲਈ ਪੈੱਨ ਜਾਂ ਰੂਲਰ ਵਰਤੋਂ

### ਆਪਣੇ ਨਿਰੀਖਣਾਂ ਦੀ ਰਿਪੋਰਟ ਕਰੋ

Reporter

MyPetsGuide® ਰਿਪੋਰਟਰ ਐਪ ਰਾਹੀਂ ਜਾਂ ਔਨਲਾਈਨ mypetsguide.agric.wa.gov.au 'ਤੇ ਜਾ ਕੇ


ਪਾਲਤੂ ਜਾਨਵਰ ਅਤੇ ਰੋਗ ਜਾਣਕਾਰੀ ਸੇਵਾ
08 9368 3080
padis@dpird.wa.gov.au

# ਬੁੱਕ ਕੀਤੀ ਗਈ ਗੱਦਾ (ਮੈਟਰੈੱਸ) ਚੁੱਕਣ ਦੀ ਸੇਵਾ

ਸਿਟੀ ਘਰੇਲੂ ਕੂੜੇ ਦੇ ਖ਼ਰਚੇ ਦਾ ਭੁਗਤਾਨ ਕਰਨ ਵਾਲੀ ਹਰੇਕ ਰਿਹਾਇਸ਼ੀ ਜਾਇਦਾਦ ਲਈ ਪ੍ਰਤੀ ਵਿੱਤੀ ਸਾਲ ਇੱਕ ਵਾਰ ਦੋ ਗੱਦਿਆਂ ਤੱਕ ਨੂੰ ਚੁੱਕਣ ਦੀ ਸਹੂਲਤ ਪ੍ਰਦਾਨ ਕਰਦਾ ਹੈ।

**ਔਨਲਾਈਨ ਬੁੱਕ ਕਰਨ ਲਈ ਇਸ QR ਕੋਡ ਨੂੰ ਸਕੈਨ ਕਰੋ ਜਾਂ 9394 5124 'ਤੇ ਫ਼ੋਨ ਕਰੋ।**

**ਔਨਲਾਈਨ ਬੁੱਕ ਕਰੋ**



# ਸੜਕ ਕਿਨਾਰਿਓਂ ਕੂੜੇਦਾਨ ਚੁੱਕਣਾ

ਸਿਟੀ ਘਰੇਲੂ ਕੂੜੇ ਦੇ ਖ਼ਰਚੇ ਦਾ ਭੁਗਤਾਨ ਕਰਨ ਵਾਲੀ ਹਰੇਕ ਰਿਹਾਇਸ਼ੀ ਜਾਇਦਾਦ ਲਈ ਪ੍ਰਤੀ ਸਾਲ ਇੱਕ ਵੱਧ ਮਾਤਰਾ ਵਿੱਚ ਕੂੜਾ ਚੁੱਕਣ ਅਤੇ ਦੋ ਵਾਰ ਬਗੀਚੇ ਦੇ ਕੂੜੇ ਨੂੰ ਸੜਕ ਕਿਨਾਰਿਓਂ ਚੁੱਕਣ ਦੀ ਸਹੂਲਤ ਦਿੰਦਾ ਹੈ।


ਸੜਕ ਕਿਨਾਰਿਓਂ ਕੂੜੇਦਾਨ ਚੁੱਕਣ ਦੀਆਂ ਆਪਣੀਆਂ ਸਾਲ 2026 ਦੀਆਂ ਤਾਰੀਖ਼ਾਂ ਦੇਖਣ ਲਈ ਇਸ QR ਕੋਡ ਨੂੰ ਸਕੈਨ ਕਰੋ।

**ਬਦਲਵੇਂ ਸਥਾਨ ਤੋਂ ਕੂੜਾ ਚੁੱਕਣ ਦਾ ਪ੍ਰਬੰਧ ਕਰਨ ਲਈ, ਕਿਰਪਾ ਕਰਕੇ** 'Bulk Waste Verge collection' **'ਤੇ ਕਲਿੱਕ ਕਰੋ ਅਤੇ ਫਾਰਮ ਭਰੋ।**

### ਨੋਟਿਸ

ਜਦੋਂ ਵਸਤੂਆਂ ਕਿਸੇ ਵੀ ਸੇਵਾਵਾਂ, ਜਾਲੀ, ਨਕਲੀ ਘਾਹ, ਕੰਧਾਂ, ਲੈਟਰਬੌਕਸ ਜਾਂ ਹੋਰ ਢਾਂਚੇ 'ਤੇ ਜਾਂ ਨੇੜੇ ਰੱਖੀਆਂ ਜਾਂਦੀਆਂ ਹਨ ਤਾਂ ਸਿਟੀ ਸੰਪਤੀ ਦੇ ਨੁਕਸਾਨ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ ਹੈ।

ਪੂਰੇ ਨਿਯਮਾਂ ਅਤੇ ਸ਼ਰਤਾਂ, ਅਤੇ ਮੌਜੂਦਾ ਸੜਕ ਕਿਨਾਰਿਓਂ ਕੂੜੇਦਾਨ ਚੁੱਕਣ ਦੀ ਸਮਾਂ-ਸੂਚੀ ਲਈ ਸਿਟੀ ਦੀ ਵੈੱਬਸਾਈਟ 'ਤੇ "ਸੜਕ ਕਿਨਾਰਿਓਂ ਕੂੜੇਦਾਨ ਚੁੱਕਣਾ" ਪੰਨੇ 'ਤੇ ਜਾਓ।




# ਬਗੀਚੇ ਦੇ ਕੂੜੇ-ਕਰਕਟ ਨੂੰ ਕਿਨਾਰੇ ਤੋਂ ਚੁੱਕਣਾ

## ਕੀ ਚੁੱਕਿਆ ਜਾਵੇਗਾ

**ਰੁੱਖ ਅਤੇ ਝਾੜੀਆਂ ਦੀ ਕਾਂਟ-ਛਾਂਟ:**

- ✓ 1.5 ਮੀਟਰ ਦੀ ਲੰਬਾਈ ਤੱਕ
- ✓ 30 ਸੈਂਟੀਮੀਟਰ ਵਿਆਸ ਤੱਕ ਸਿਰਫ਼
- ✓ 4.5 ਘਣ ਮੀਟਰ।

ਹਰੇ ਕੂੜੇ ਨੂੰ ਚੁੱਕੇ ਜਾਣ ਦੀ ਸ਼ੁਰੂਆਤੀ ਮਿਤੀ ਤੋਂ 2 ਦਿਨ ਪਹਿਲਾਂ ਤੱਕ ਸੜਕ ਕਿਨਾਰੇ 'ਤੇ ਰੱਖਿਆ ਜਾ ਸਕਦਾ ਹੈ। 2026 ਲਈ, ਆਪਣੇ ਹਰੇ ਕੂੜੇ ਨੂੰ ਸੜਕ ਕਿਨਾਰਿਓਂ ਚੁੱਕੇ ਜਾਣ ਦੀਆਂ ਤਾਰੀਖ਼ਾਂ ਦੇਖਣ ਲਈ ਇਸ QR ਕੋਡ ਨੂੰ ਸਕੈਨ ਕਰੋ।




**ਚੇਤਾਵਨੀ -** ਅੱਗ ਬਾਲਣ 'ਤੇ ਪੂਰਨ ਪਾਬੰਦੀ (Total Fire Ban) ਦੀ ਸਥਿਤੀ ਵਿੱਚ ਕੂੜੇ-ਕਰਕਟ ਨੂੰ ਚੁੱਕਣਾ ਉਦੋਂ ਤੱਕ ਮੁਅੱਤਲ ਕੀਤਾ ਜਾ ਸਕਦਾ ਹੈ ਜਦੋਂ ਤੱਕ ਇਹ ਪਾਬੰਦੀ ਚੁੱਕ ਨਹੀਂ ਲਈ ਜਾਂਦੀ ਹੈ।

## ਕੀ ਨਹੀਂ ਚੁੱਕਿਆ ਜਾਵੇਗਾ

- ✗ ਪੱਤਿਆਂ ਜਾਂ ਕੱਟੇ ਹੋਏ ਘਾਹ ਦੇ ਡੱਬੇ ਜਾਂ ਬੈਗ
- ✗ ਪੁੱਟਿਆ ਹੋਇਆ ਲਾਅਨ, ਰੇਤ ਜਾਂ ਮਿੱਟੀ
- ✗ (1.5 ਮੀਟਰ ਤੋਂ ਵੱਧ) ਲੰਬੀਆਂ ਟਾਹਣੀਆਂ
- ✗ ਬਗੀਚੇ ਵਿੱਚ ਵਰਤੇ ਜਾਣ ਵਾਲੇ ਰਸਾਇਣ, ਗਮਲੇ ਜਾਂ ਜਾਲੀਆਂ
- ✗ ਆਮ ਕੂੜਾ
- ✗ ਚੀਰੀ ਹੋਈ ਅਤੇ ਰਸਾਇਣ ਮਿਲਾਈ ਹੋਈ ਲੱਕੜ
- ✗ ਹਰਾ ਕੂੜਾ-ਕਰਕਟ ਜੋ ਬੰਨ੍ਹਿਆ ਹੋਇਆ ਹੁੰਦਾ ਹੈ, ਜਾਂ ਸੇਵਾਵਾਂ, ਜਾਲੀਆਂ, ਕੰਧਾਂ ਜਾਂ ਢਾਂਚਿਆਂ ਦੇ ਨੇੜੇ ਰੱਖਿਆ ਹੁੰਦਾ ਹੈ
- ✗ ਖ਼ਾਲੀ ਜ਼ਮੀਨ ਜਾਂ ਪਬਲਿਕ ਰਿਜ਼ਰਵ 'ਤੇ ਰੱਖਿਆ ਹਰਾ ਕੂੜਾ
- ✗ ਮਲਚ।






# ਵੱਧ ਮਾਤਰਾ ਵਿੱਚ ਸੜਕ ਕਿਨਾਰੇ ਤੋਂ ਕੂੜਾ ਚੁੱਕਣਾ

## ਕਿਰਪਾ ਕਰਕੇ ਇਹ ਕਰੋ

- ✓ ਨਿਰਧਾਰਤ ਸ਼ਨੀ-ਐਤਵਾਰ ਵਾਲੇ ਦਿਨ ਕੂੜੇ-ਕਰਕਟ ਨੂੰ ਆਪਣੇ ਸੜਕ ਕਿਨਾਰੇ 'ਤੇ ਸਾਫ਼-ਸੁਥਰੇ ਤਰੀਕੇ ਨਾਲ ਰੱਖੋ
- ✓ ਚੁੱਕੇ ਜਾਣ ਲਈ 10 ਕੰਮਕਾਜੀ ਦਿਨਾਂ ਦਾ ਸਮਾਂ ਦਿਓ
- ✓ ਆਪਣੇ ਢੇਰ ਦੀ ਜਾਂਚ ਕਰਦੇ ਰਹੋ ਕਿਉਂਕਿ ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਵੱਧ ਮਾਤਰਾ ਵਿੱਚ ਕੂੜਾ ਚੁੱਕੇ ਜਾਣ ਤੱਕ ਸਾਫ਼-ਸੁਥਰੇ ਤਰੀਕੇ ਨਾਲ ਪਿਆ ਰਹੇ
- ✓ ਜੇ ਤੇਜ਼ ਹਵਾਵਾਂ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ, ਜਾਂ ਗੰਭੀਰ ਮੌਸਮ ਦੀ ਚੇਤਾਵਨੀ ਜਾਰੀ ਕੀਤੀ ਜਾਂਦੀ ਹੈ ਤਾਂ ਵੱਧ ਮਾਤਰਾ ਵਿੱਚ ਕੂੜੇ ਨੂੰ ਆਪਣੀ ਜਾਇਦਾਦ 'ਤੇ ਸੰਭਾਲੋ।

## ਕਿਰਪਾ ਕਰਕੇ ਇਹ ਨਾ ਕਰੋ


- ✗ ਆਪਣਾ ਵੱਧ ਮਾਤਰਾ ਕੂੜਾ ਕਿਸੇ ਹੋਰ ਦੇ ਕਿਨਾਰੇ 'ਤੇ ਨਾ ਰੱਖੋ ਕਿਉਂਕਿ ਇਹ ਖ਼ਾਲੀ ਜ਼ਮੀਨ ਜਾਂ ਪਬਲਿਕ ਰਿਜ਼ਰਵ ਤੋਂ ਨਹੀਂ ਚੁੱਕਿਆ ਜਾਵੇਗਾ
- ✗ ਫੁੱਟਪਾਥ ਜਾਂ ਪੈਦਲ ਚੱਲਣ ਵਾਲਿਆਂ, ਸਾਈਕਲ ਸਵਾਰਾਂ ਅਤੇ ਕਾਰਾਂ ਲਈ ਦੇਖਣ ਵਿੱਚ ਰੁਕਾਵਟ ਨਾ ਪਾਓ
- ✗ ਵੱਧ ਮਾਤਰਾ ਕੂੜੇ ਦੀ ਮੰਨਜ਼ੂਰ ਮਾਤਰਾ ਤੋਂ ਵੱਧ ਨਾ ਰੱਖੋ
- ✗ ਵਸਤੂਆਂ ਨੂੰ ਸੇਵਾਵਾਂ, ਜਾਲੀਆਂ, ਕੰਧਾਂ, ਲੈਟਰਬੌਕਸ ਜਾਂ ਹੋਰ ਢਾਂਚੇ ਦੇ ਨੇੜੇ ਨਾ ਰੱਖੋ।

## ਕੀ ਨਹੀਂ ਚੁੱਕਿਆ ਜਾਵੇਗਾ

- ✗ ਕੱਚ, ਸ਼ੀਸ਼ੇ, ਜਾਂ ਸ਼ਾਵਰ ਸਕਰੀਨਾਂ
- ✗ ਟਾਇਰ ਜਾਂ ਮੋਟਰ ਵਾਹਨ ਦੇ ਪੁਰਜ਼ੇ
- ✗ ਟੀਵੀ, ਕੰਪਿਊਟਰ, ਪ੍ਰਿੰਟਰ, ਸਟੀਰੀਓ ਅਤੇ ਸਪੀਕਰ
- ✗ ਗੱਦੇ
- ✗ ਬੀਨ ਬੈਗ
- ✗ ਸਾਰੀ ਉਸਾਰੀ ਸਮੱਗਰੀ, ਇੱਟਾਂ, ਪੱਥਰ, ਟਾਇਲਾਂ, ਟਾਇਲਟ, ਕੰਕਰੀਟ, ਤਾਰਾਂ, ਰੇਤ ਜਾਂ ਸੀਮਿੰਟ
- ✗ ਐਸਬੈਸਟਸ ਜਾਂ ਹੋਰ ਰੇਸ਼ੇਦਾਰ ਸੀਮਿੰਟ ਉਤਪਾਦ
- ✗ ਬਗ਼ੀਚੇ ਜਾਂ ਭੋਜਨ ਦੀ ਰਹਿੰਦ-ਖੂੰਹਦ
- ✗ ਅੱਗ ਬੁਝਾਉਣ ਵਾਲੇ ਯੰਤਰ, EPIRB ਜਾਂ ਫਲੇਅਰ
- ✗ ਖ਼ਤਰਨਾਕ ਕੂੜਾ ਜਿਵੇਂ ਕਿ ਰਸਾਇਣ, ਤੇਲ, ਪੇਂਟ, ਕੀਟਨਾਸ਼ਕ, ਘੋਲਕ, ਬੈਟਰੀਆਂ, ਗੈਸ ਦੀਆਂ ਬੋਤਲਾਂ ਜਾਂ ਸਮੋਕ ਡਿਟੈਕਟਰ
- ✗ 1.8 ਮੀਟਰ ਤੋਂ ਵੱਧ ਲੰਬਾਈ ਵਾਲੀਆਂ ਚੀਜ਼ਾਂ
- ✗ ਅਣਛਾਂਟਿਆ ਹੋਇਆ ਵੱਧ ਮਾਤਰਾ ਵਿੱਚ ਕੂੜਾ।

ਹੋਰ ਜਾਣੋ

**ਨਾ ਚੁੱਕੀਆਂ ਗਈਆਂ ਚੀਜ਼ਾਂ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਹਟਾਉਣਾ ਲਾਜ਼ਮੀ ਹੈ। ਆਪਣੇ ਲੈਟਰਬਾਕਸ ਵਿੱਚ ਨੋਟਿਸ ਦੇਖੋ।**




## ਹਰੇ ਕੂੜੇ ਅਤੇ ਭਾਰੀ ਚੀਜ਼ਾਂ ਨੂੰ ਸੜਕ ਕਿਨਾਰਿਓਂ ਚੁੱਕਣਾ

## ਰੀਸਾਈਕਲਿੰਗ ਹੱਬਾਂ ’ਤੇ ਰੀਸਾਈਕਲ ਕਰੋ

ਬਹੁਤ ਸਾਰੇ ਆਰਮਾਡੇਲ ਨਿਵਾਸੀ ਘਰੇਲੂ ਬੈਟਰੀਆਂ, ਘਰੇਲੂ ਬਿਜਲੀ ਵਾਲੇ ਬੱਲਬਾਂ, ਪ੍ਰਿੰਟਰ ਕਾਰਟ੍ਰਿਜਾਂ ਅਤੇ ਐਰੋਸੋਲ ਕੈਨਾਂ ਨੂੰ ਰੀਸਾਈਕਲਿੰਗ ਲਈ ਆਪਣੇ ਨੇੜਲੇ ਰੀਸਾਈਕਲਿੰਗ ਹੱਬਾਂ ਵਿੱਚ ਲੈ ਜਾਂਦੇ ਹਨ। ਹੋਰ ਜਾਣਨ ਲਈ **my.armadale.wa.gov.au/service/waste-and-recycling/waste-disposal-and-recycling-centres/recycling-hubs** ’ਤੇ ਜਾਓ





ਡ੍ਰੌਪ ‘ਐਨ’ ਸ਼ੌਪ ਪੁਰਾਣੀਆਂ ਚੀਜ਼ਾਂ ਦੀ ਖ਼ਰੀਦਦਾਰੀ ਕਰਨ ਲਈ ਇੱਕ ਵਧੀਆ ਜਗ੍ਹਾ ਹੈ। ਇਹ Landfill and Recycling Facility ਦੇ ਅੰਦਰ ਸਥਿਤ ਹੈ। ਸਸਤੇ ਭਾਅ ’ਤੇ ਵਿਸ਼ਾਲ ਕਿਸਮ ਦੀਆਂ ਘਰੇਲੂ ਚੀਜ਼ਾਂ ਲਈ ਅੱਜ ਹੀ ਡ੍ਰੌਪ ‘ਐਨ’ ਸ਼ੌਪ ’ਤੇ ਜਾਓ।



**ਖੁੱਲ੍ਹਣ ਦਾ ਸਮਾਂ**

ਵੀਰਵਾਰ ਅਤੇ ਸ਼ੁੱਕਰਵਾਰ ਸਵੇਰੇ 10.00 ਵਜੇ - ਦੁਪਹਿਰ 2.00 ਵਜੇ ਤੱਕ

**ਹੋਰ ਜਾਣੋ**



ਨਹੀਂ ਪਤਾ ਕਿ ਕਿਸੇ ਵਿਸ਼ੇਸ਼ ਚੀਜ਼ ਨਾਲ ਕੀ ਕਰਨਾ ਹੈ? ਸਾਡੀ ਨਵੀਂ **A-to-Z ਵੇਸਟ ਗਾਈਡ** ਨੂੰ ਔਨਲਾਈਨ ਦੇਖੋ!

## ਸਾਰੀਆਂ ਚੀਜ਼ਾਂ ਤੁਹਾਡੇ ਸੜਕ ਕਿਨਾਰੇ ਰੱਖੇ ਜਾਣ ਵਾਲੇ ਕੂੜੇਦਾਨ ਵਿੱਚ ਨਹੀਂ ਜਾ ਸਕਦੀਆਂ ਹਨ

ਆਰਮਾਡੇਲ ਵਿੱਚ, ਅਸੀਂ ਖ਼ਤਰਨਾਕ ਕੂੜੇ ਨੂੰ **Armadale Landfill and Recycling Facility** ਵਿੱਚ ਲੈ ਜਾਂਦੇ ਹਾਂ।

**ਘਰੇਲੂ ਖ਼ਤਰਨਾਕ ਕੂੜਾ-ਕਰਕਟ ਪ੍ਰੋਗਰਾਮ (Household Hazardous Waste)** ਬਗ਼ੈਰ ਕਿਸੇ ਖ਼ਰਚੇ ਦੇ ਪਰਿਵਾਰਾਂ ਤੋਂ ਪ੍ਰਤੀ ਸਮੱਗਰੀ ਕਿਸਮ 20 ਕਿਲੋ ਜਾਂ ਲੀਟਰ ਤੱਕ ਸਵੀਕਾਰ ਕਰਦਾ ਹੈ।

# Armadale Landfill and Recycling Facility

145 Hopkinson Road, Hilbert WA 6112
(Gloaming Way ਦੇ ਗੋਲ ਚੱਕਰ ਤੋਂ ਪ੍ਰਵੇਸ਼)

**7 ਦਿਨ ਖੁੱਲ੍ਹਾ* ਸਵੇਰੇ 8.00 ਵਜੇ - ਸ਼ਾਮ 4.45 ਵਜੇ ਤੱਕ (ਆਖ਼ਰੀ ਦਾਖਲਾ ਸ਼ਾਮ 4:30 ਵਜੇ ਕੀਤਾ ਜਾ ਸਕਦਾ ਹੈ)**

*ਨਵੇਂ ਸਾਲ, ਗੁੱਡ ਫਰਾਈਡੇ ਅਤੇ ਕ੍ਰਿਸਮਿਸ ਦੇ ਦਿਨ ਬੰਦ ਹੁੰਦਾ ਹੈ। ਦਸੰਬਰ ਦੇ ਤੀਜੇ ਸ਼ੁੱਕਰਵਾਰ, ਕ੍ਰਿਸਮਸ ਦੀ ਸ਼ਾਮ ਅਤੇ ਨਵੇਂ ਸਾਲ ਦੀ ਸ਼ਾਮ ਨੂੰ ਦੁਪਹਿਰੇ ਬੰਦ ਹੋ ਜਾਂਦਾ ਹੈ। (ਆਖਰੀ ਕਾਰ ਸਵੇਰੇ 11.30 ਵਜੇ ਦਾਖ਼ਲ ਹੋ ਸਕਦੀ ਹੈ)। ਸੁਰੱਖਿਆ ਕਾਰਨਾਂ ਕਰਕੇ, ਇਹ ਸਹੂਲਤ ਬਹੁਤ ਜ਼ਿਆਦਾ ਖ਼ਰਾਬ ਮੌਸਮ ਦੌਰਾਨ ਵੀ ਬੰਦ ਹੋ ਸਕਦੀ ਹੈ।




# ਰੀਸਾਈਕਲ ਕਰਨ ਯੋਗ ਸਮੱਗਰੀ ਅਤੇ ਹੋਰ ਸਮੱਗਰੀਆਂ ਨੂੰ ਸਹੂਲਤ ਵਿੱਚ ਛੱਡੋ:

## ਆਪਣਾ ਕੂੜਾ ਛਾਂਟੋ

### ਰੀਸਾਈਕਲਿੰਗ

ਸਟੀਲ ਅਤੇ ਐਲੂਮੀਨੀਅਮ, ਸਾਫ਼ ਚਪਟਾ ਕੀਤਾ ਗੱਤਾ, ਇਲੈਕਟ੍ਰਾਨਿਕ ਕੂੜਾ, ਗੱਦੇ, ਟਾਇਰ, ਮੋਟਰ ਤੇਲ, ਕਾਰ ਬੈਟਰੀਆਂ।

### ਘਰੇਲੂ ਖ਼ਤਰਨਾਕ ਕੂੜਾ

*ਹਰ ਦੌਰੇ ਦੌਰਾਨ ਹਰ ਸਮੱਗਰੀ ਦੀ ਕਿਸਮ ਲਈ 20 ਕਿਲੋ ਜਾਂ ਲੀਟਰ ਤੱਕ*

ਗੈਸ ਬੋਤਲਾਂ, ਪੇਂਟ, ਫਲੋਰੋ ਬਲਬ/ਟਿਊਬ, ਸਮੋਕ ਡਿਟੈਕਟਰ, ਘਰੇਲੂ ਰਸਾਇਣ, ਅੱਗ ਬੁਝਾਉਣ ਵਾਲੇ ਯੰਤਰ ਅਤੇ ਕਿਸ਼ਤੀ ਦੇ ਫਲੇਅਰ (EPIRB ਸਵੀਕਾਰ ਨਹੀਂ ਕੀਤਾ ਜਾਂਦਾ ਹੈ)।

### ਧਾਂਤ ਦਾ ਕੂੜਾ-ਕਰਕਟ

ਸਕ੍ਰੈਪ ਮੈਟਲ, ਬਿਜਲੀ 'ਤੇ ਚੱਲਣ ਵਾਲੇ ਉਪਕਰਨ, ਵਾੜ, ਸ਼ੀਟ ਮੈਟਲ, ਕਾਰ ਦੇ ਪੁਰਜ਼ੇ, ਸਾਈਕਲ ਅਤੇ ਲਾਅਨ ਮੋਵਰ।

### ਬਗ਼ੀਚੇ ਦਾ ਕੂੜਾ

ਰੁੱਖ ਅਤੇ ਝਾੜੀਆਂ ਦੀ ਕਾਂਟ-ਛਾਂਟ, 300 ਮਿਲੀਮੀਟਰ ਤੱਕ ਵਿਆਸ ਦੇ ਤਣੇ, ਘਾਹ ਦੀ ਕਾਂਟ-ਛਾਂਟ ਅਤੇ ਪੱਤੇ।

### ਬਿਲਡਿੰਗ ਕੂੜਾ

ਲੱਕੜ, ਇੱਟਾਂ ਦਾ ਮਲਬਾ, ਫਾਈਬਰ ਸ਼ੀਟਾਂ ਅਤੇ ਰੇਤ (ਲਾਜ਼ਮੀ ਹੈ ਕਿ ਵੱਖ-ਵੱਖ ਕੂੜਾ ਸ਼੍ਰੇਣੀਆਂ ਵਿੱਚ ਅਲੱਗ ਕੀਤਾ ਜਾਵੇ)।

### ਮਿਸ਼ਰਤ ਕੂੜਾ

ਉਹ ਟੁੱਟੀਆਂ ਹੋਈਆਂ ਵਸਤੂਆਂ, ਜਿਨ੍ਹਾਂ ਨੂੰ ਦੁਬਾਰਾ ਵਰਤਿਆ, ਰੀਸਾਈਕਲ ਜਾਂ ਖਾਦ ਨਹੀਂ ਬਣਾਇਆ ਜਾ ਸਕਦਾ ਹੈ।



5 ਕਿਲੋ ਤੱਕ ਐਸਬੈਸਟਸ ਨੂੰ ਸੋਮਵਾਰ ਤੋਂ ਸ਼ਨੀਵਾਰ ਸਵੇਰੇ 8.30 ਵਜੇ ਤੋਂ ਦੁਪਹਿਰ 12.30 ਵਜੇ ਤੱਕ ਸਵੀਕਾਰ ਕੀਤਾ ਜਾਂਦਾ ਹੈ। ਕੇਵਲ ਵਸਨੀਕਾਂ ਤੋਂ। ਸਵੀਕਾਰ ਕਰਨ ਦੇ ਸਖ਼ਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਣੀ ਲਾਜ਼ਮੀ ਹੈ।

ਆਪਣੇ ਲੋਡ ਨੂੰ ਇੱਥੇ ਲਿਆਉਣ ਤੋਂ ਪਹਿਲਾਂ, ਇਸ ਵੈੱਬਸਾਈਟ 'ਤੇ ਜਾਓ
**armadale.wa.gov.au/asbestos-disposal**

ਫ਼ੀਸਾਂ ਅਤੇ ਖ਼ਰਚਿਆਂ ਦੀ ਪੂਰੀ ਸੂਚੀ ਲਈ ਕੌਂਸਲ ਦੀ ਵੈੱਬਸਾਈਟ 'ਤੇ ਜਾਓ:
**my.armadale.wa.gov.au/service/waste-and-recycling**



## ਈ-ਕੂੜਾ

ਕੰਪਿਊਟਰ, ਮਾਨੀਟਰ, ਲੈਪਟਾਪ, ਟੈਲੀਵਿਜ਼ਨ, ਛੋਟੇ ਘਰੇਲੂ ਉਪਕਰਨ (ਜਿਵੇਂ ਕਿ ਕੇਤਲੀਆਂ, ਟੋਸਟਰ, ਹੇਅਰ ਡ੍ਰਾਇਅਰ, ਸਟੀਰੀਓ, ਡੀਵੀਡੀ ਪਲੇਅਰ, ਕੈਮਰੇ, ਪ੍ਰਿੰਟਰ, ਸਪੀਕਰ), ਸੋਲਰ ਪੈਨਲ ਅਤੇ ਤਾਰ ਵਾਲੀ ਕੋਈ ਵੀ ਚੀਜ਼।

**ਹੋਰ ਜਾਣੋ**

## ਮਲਚ

ਮਲਚ ਸਿਰਫ਼ ਆਰਮਾਡੇਲ ਕੌਂਸਲ ਦੇ ਨਿਵਾਸੀਆਂ ਲਈ ਹੀ ਉਪਲਬਧ ਹੈ, ਮਲਚ ਲੈਣ ਲਈ 2 ਪਛਾਣ-ਪੱਤਰ ਪੇਸ਼ ਕਰਨੇ ਲਾਜ਼ਮੀ ਹਨ।

ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਦੇ ਵਿਚਕਾਰ ਖੁਦ ਲੋਡ ਕਰਨ ਦੀ ਲੋੜ ਹੁੰਦੀ।

ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਦੇ ਵਿਚਕਾਰ ਮਸ਼ੀਨ ਦੁਆਰਾ ਲੋਡ ਕੀਤੀ ਜਾਂਦੀ ਹੈ*
*ਫ਼ੀਸ ਲਾਗੂ ਹੈ

**ਪੈਨਸ਼ਨਰਾਂ ਲਈ**

ਮੁਫ਼ਤ ਮਲਚ - ਮਸ਼ੀਨ ਲੋਡ ਕੀਤੀ ਗਈ: ਮੰਗਲਵਾਰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ (ਪੈਨਸ਼ਨ ਜਾਂ ਸੀਨੀਅਰਜ਼ ਕਾਰਡ ਅਤੇ ਫ਼ੋਟੋ ID ਪੇਸ਼ ਕਰਨ 'ਤੇ)



**ਡ੍ਰੌਪ-ਆਫ਼ ਕੇਂਦਰ**



## ਅਡੋਪਟ-ਏ-ਸਪੌਟ (ਇੱਕ ਸਥਾਨ ਅਪਣਾਓ)

ਕਿਸੇ ਥਾਂ ਨੂੰ ਅਪਣਾਓ ਅਤੇ ਆਪਣੇ ਭਾਈਚਾਰੇ ਲਈ ਇਸਨੂੰ ਸਾਫ਼ ਰੱਖਣ ਵਿੱਚ ਸਹਾਇਤਾ ਕਰੋ।

**kabc.wa.gov.au/get-involved/adoptaspot** ’ਤੇ ਹੋਰ ਜਾਣੋ

ਇਹ ਪ੍ਰਕਾਸ਼ਨ ਡਿਜ਼ੀਟਲ ਫਾਰਮੈਟ ਵਿੱਚ ਉਪਲਬਧ ਹੈ ਅਤੇ ਈਮੇਲ ਦੁਆਰਾ ਜਾਰੀ ਕੀਤਾ ਜਾ ਸਕਦਾ ਹੈ ਜਾਂ ਸਾਡੀ ਵੈੱਬਸਾਈਟ ’ਤੇ ਮਿਲ ਸਕਦਾ ਹੈ।

ਉਪਲਬਧ ਵਿਕਲਪਿਕ ਫਾਰਮੈਟਾਂ ਵਿੱਚ ਆਡੀਓ, ਵੱਡੇ ਅੱਖਰਾਂ ਵਿੱਚ ਛਪਾਈ, ਬ੍ਰੇਲ, ਪੰਜਾਬੀ, ਤਾਮਿਲ, ਮੈਂਡਰਿਨ ਅਤੇ ਮਲਿਆਲਮ ਭਾਸ਼ਾਵਾਂ ਸ਼ਾਮਲ ਹਨ।

ਹੋਰ ਜਾਣਕਾਰੀ ਲਈ ਜਾਂ ਕਿਸੇ ਵਿਕਲਪਿਕ ਫਾਰਮੈਟ ਦੀ ਬੇਨਤੀ ਕਰਨ ਲਈ ਕਿਰਪਾ ਕਰਕੇ
nfo@armadale.wa.gov.au

100% ਰੀਸਾਈਕਲ ਕੀਤੇ ਕਾਗਜ਼ ’ਤੇ ਛਾਪਿਆ ਗਿਆ ਹੈ।

ਜਦੋਂ ਤੁਸੀਂ ਮੈਨੂੰ ਪੂਰਾ ਪੜ੍ਹ ਲੈਂਦੇ ਹੋ ਤਾਂ ਕਿਰਪਾ ਕਰਕੇ ਚੁੰਬਕ ਨੂੰ ਹਟਾਓ ਅਤੇ ਆਪਣੇ ਪੀਲੇ ਢੱਕਣ ਵਾਲੇ ਰੀਸਾਈਕਲਿੰਗ ਕੂੜੇਦਾਨ ਵਿੱਚ ਪਾ ਦਿਓ।

## ਗ਼ੈਰ-ਕਾਨੂੰਨੀ ਤੌਰ ’ਤੇ ਕੂੜਾ ਸੁੱਟਣ ਦੀ ਰਿਪੋਰਟ ਕਰੋ

ਜੇਕਰ ਤੁਸੀਂ ਕਿਤੇ ਗ਼ੈਰ-ਕਾਨੂੰਨੀ ਤੌਰ ’ਤੇ ਕੂੜਾ ਸੁੱਟਿਆ ਹੋਇਆ ਦੇਖੋ, ਤਾਂ ਕਿਰਪਾ ਕਰਕੇ ਕੌਂਸਲ ਨਾਲ **9394 5000** ’ਤੇ ਸੰਪਰਕ ਕਰੋ ਜਾਂ **info@armadale.wa.gov.au** ’ਤੇ ਈਮੇਲ ਭੇਜੋ

RECYCLED
Paper made from recycled material
FSC® C111891